# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ) ਪੰਜਾਬ ਐਸ.ਏ.ਐਸ ਨਗਰ

## ਅਮਲਾ -1 ਸ਼ਾਖਾ

ਹੁਕਮ ਨੰ: 10/184-2019 ਸੇਪ੍ਰ (4)
ਮਿਤੀ ਐਸ.ਏ.ਐਸ ਨਗਰ: 20.02.2020

ਸ਼੍ਰੀ ਸੰਜੀਵ ਕੁਮਾਰ ਪੁੱਤਰ ਮੋਹਨ ਲਾਲ, ਕੈਟਾਗਰੀ ਜਨਰਲ ਨੂੰ ਮਿਤੀ 03.01.2020 ਨੂੰ ਬਤੌਰ ਬੀ.ਪੀ.ਈ.ਓ ਧਰਮਕੋਟ-1, ਜਿਲ੍ਹਾ ਮੋਗਾ ਵੱਜੋਂ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ। ਸ਼੍ਰੀ ਸੰਜੀਵ ਕੁਮਾਰ ਦੀ ਪ੍ਰਤੀਬੇਨਤੀ ਮਿਤੀ 16.01.2020 ਅਧੀਨ ਮਾਨਯੋਗ ਡੀ.ਪੀ.ਆਈ. (ਐ.ਸਿੱ) ਦੇ ਹੁਕਮਾਂ ਅਨੁਸਾਰ ਉਸਦੇ ਬਤੌਰ ਬੀ.ਪੀ.ਈ.ਓ ਹਾਜਰੀ ਸਮੇਂ ਵਿੱਚ 15 ਦਿਨ੍ਹਾਂ ਦਾ ਵਾਧਾ ਕੀਤਾ ਗਿਆ ਸੀ। ਇਸ ਉਮੀਦਵਾਰ ਨੂੰ ਅਲਾਟ ਕੀਤੇ ਸਟੇਸ਼ਨ ਤੇ ਹਾਜਰ ਨਾ ਹੋਣ ਕਰਕੇ ਇਸ ਦਫਤਰ ਦੇ ਪੱਤਰ ਨੰ: 24/11-2020 ਅ1(1) ਮਿਤੀ: 05.02.2020 ਰਾਹੀ਼ ਸੂਚਿਤ ਕੀਤਾ ਗਿਆ ਸੀ ਕਿ ਜੇਕਰ ਉਹ ਤੁਰੰਤ ਉਸਨੂੰ ਅਲਾਟ ਕੀਤੇ ਸਟੇਸ਼ਨ ਤੇ ਹਾਜਰ ਨਹੀਂ ਹੁੰਦਾ ਤਾਂ ਉਸਦੀ ਬਤੌਰ ਬੀ.ਪੀ.ਈ.ਓ ਉਮੀਦਵਾਰੀ ਰੱਦ ਕਰਕੇ ਮੈਰਿਟ ਲਿਸਟ ਵਿਚੋਂ ਅਗਲੇ ਯੋਗ ਉਮੀਦਵਾਰ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤਾ ਜਾਵੇਗਾ। ਇਸ ਦਫਤਰ ਦੇ ਪੱਤਰ ਨੰ: 24/11-2020 ਅ1(1), ਮਿਤੀ 14.02.2020 ਰਾਹੀਂ ਸੰਜੀਵ ਕੁਮਾਰ ਦੀ ਹਾਜਰੀ ਸਮੇਂ ਵਿੱਚ ਵਾਧਾ ਲੈਣ ਦੀ ਪ੍ਰਤੀਬੇਨਤੀ ਮਿਤੀ 29.01.2020 ਰੱਦ ਕਰ ਦਿੱਤੀ ਗਈ ਸੀ। ਮਿਤੀ 20.02.2020 ਨੂੰ ਬੀ.ਪੀ.ਈ.ਓ, ਗੁਰੂਹਰਸਹਾਏ-3 ਐਟ ਜਲਾਲਾਬਾਦ ਵੱਲੋ ਸ਼੍ਰੀ ਸੰਜੀਵ ਕੁਮਾਰ ਦੀ ਪ੍ਰਤੀਬੇਨਤੀ ਮਿਤੀ 20.02.2020 ਪ੍ਰਾਪਤ ਹੋਈ ਸੀ, ਜਿਸ ਵਿੱਚ ਸੰਜੀਵ ਕੁਮਾਰ ਵੱਲੋਂ ਲਿਖਿਆ ਗਿਆ ਸੀ ਕਿ ਉਸਨੂੰ ਅਲਾਟ ਕੀਤਾ ਸਟੇਸ਼ਨ ਦੂਰ ਹੋਣ ਕਰਕੇ ਹਾਜਰ ਨਹੀ ਹੋ ਸਕਦਾ।

ਉਪਰੋਕਤ ਸਾਰੀ ਸਥਿਤੀ ਨੂੰ ਦੇਖਦੇ ਹੋਏ ਇਹ ਸਪਸ਼ਟ ਹੁੰਦਾ ਹੈ ਕਿ ਸ਼੍ਰੀ ਸੰਜੀਵ ਕੁਮਾਰ ਬਤੌਰ ਬੀ.ਪੀ.ਈ.ਓ ਦੇ ਅਹੁਦੇ ਤੇ ਕੰਮ ਕਰਨ ਦਾ ਚਾਹਵਾਨ ਨਹੀਂ ਹੈ। ਇਸ ਲਈ ਸ਼੍ਰੀ ਸੰਜੀਵ ਕੁਮਾਰ ਦੀ ਬਤੌਰ ਬੀ.ਪੀ.ਈ.ਓ ਉਮੀਦਵਾਰੀ ਰੱਦ ਕੀਤੀ ਜਾਂਦੀ ਹੈ।

ਇੰਦਰਜੀਤ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।

ਪਿੱਠ ਅੰਕਣ ਨੰ: ਉਕਤ 327 ਮਿਤੀ ਐਸ.ਏ.ਐਸ ਨਗਰ: 20/2/2020

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਸਕੱਤਰ, ਸਕੂਲ ਸਿੱਖਿਆ ਵਿਭਾਗ, (ਸਿੱਖਿਆ-7 ਸ਼ਾਖਾ), ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।
2. ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ।
3. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।
4. ਸਬੰਧਤ ਖਜਾਨਾ ਅਫਸਰ।
5. ਸਬੰਧਤ ਸਿਵਲ ਸਰਜਨ।
6. ਸਬੰਧਤ ਉਮੀਦਵਾਰ।
7. ਐਮ.ਆਈ.ਐਸ.ਵਿੰਗ ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਐਸ.ਏ.ਐਸ ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

20/02/2020
ਸਹਾਇਕ ਡਾਇਰੈਕਟਰ (ਅਮਲਾ-1)